ਵੱਲੋਂ:

ਉਪ ਕਪਤਾਨ ਪੁਲਿਸ,
ਰਾਮਪੁਰਾ ਫੂਲ

ਵੱਲ:

ਸਮੂਹ ਪ੍ਰਿੰਸੀਪਲ ਸਾਹਿਬਾਨ,
ਜਿਲ੍ਹਾ ਬਠਿੰਡਾ

ਵਿਸ਼ਾ: ਇੱਕ ਰੋਜ਼ਾ ਟਰੈਫਿਕ ਨਿਯਮਾਂ ਸੰਬਧਿਤ ਸੈਮੀਨਾਰ ਸਬੰਧੀ।

ਸ੍ਰੀਮਾਨ ਜੀ,

ਆਪ ਜੀ ਦੇ ਧਿਆਨ ਵਿੱਚ ਲਿਆਦਾ ਜਾ ਰਿਹਾ ਹੈ ਕਿ ਫਤਿਹ ਗਰੁੱਪ ਆਫ਼ ਕਾਲਜਿਜ, ਮੋੜ-ਰੋਡ ਰਾਮਪੁਰਾ, ਫੂਲ, ਬਠਿੰਡਾ (9041035001, 35002, 35003 fatehcollege@fatehgroup.in) ਵੱਲੋ ਇਸ ਦਫਤਰ ਨੂੰ ਸੂਚਿਤ ਕੀਤਾ ਗਿਆ ਹੈ ਕਿ ਮਿਤੀ 09-12-2022 ਨੂੰ ਫਤਿਹ ਗਰੁੱਪ ਆਫ਼ ਕਾਲਜਿਜ, ਮੋੜ-ਰੋਡ ਰਾਮਪੁਰਾ, ਫੂਲ, ਬਠਿੰਡਾ ਵਿਖੇ ਸਲਾਨਾ ਸਮਾਰੋਹ ਆਯੋਜਿਤ ਕੀਤਾ ਜਾ ਰਿਹਾ ਹੈ। ਜਿਸ ਵਿੱਚ ਟਰੈਫਿਕ ਨਿਯਮਾਂ ਸਬੰਧੀ ਵੀ ਆਮ ਲੋਕਾ ਟੈਕਸੀ ਯੂਨੀਅਨ ਦੇ ਡਰਾਇਵਰਾ/ਸਕੂਲ ਵੈਨ ਡਰਾਇਵਰਾ ਆਦਿ ਨੂੰ ਜਾਗਰੂਕ ਕਰਨ ਲਈ ਟ੍ਰੈਨਿੰਗ ਦਿੱਤੀ ਜਾਵੇਗੀ। ਇਸ ਲਈ ਆਪ ਨੂੰ ਇਸ ਪੱਤਰ ਰਾਹੀ ਅਪੀਲ ਕੀਤੀ ਜਾਦੀ ਹੈ ਕਿ ਆਪਣੇ ਆਪਣੇ ਸਕੂਲ/ਕਾਲਜ ਦੇ ਸਕੂਲ/ਵੈਨ ਡਰਾਇਵਰਾ ਨੂੰ ਜਾਣੂ ਕਰਵਾਉ ਕਿ ਉਹ ਟਰੈਫਿਕ ਨਿਯਮਾ ਸਬੰਧੀ ਕੱਲ ਮਿਤੀ 09-12-2022 ਨੂੰ ਸੁਭਾ 11:00 ਵਜੇ ਤੋ 03:00 ਸ਼ਾਮ ਤੱਕ ਢੁੱਕਵੇਂ ਸਮੇ ਦੌਰਾਨ ਇਹ ਸਮਾਰੋਹ/ਸੈਮੀਨਾਰ ਅਟੈਂਡ ਕਰਨਗੇ। ਇਹ ਸਮਾਰੋਹ/ਸੈਮੀਨਾਰ ਅਟੈਂਡ ਕਰਨ ਸਮੇ ਸੰਸਥਾ ਦਾ ਲੈਟਰਪੈਡ ਜਾ ਆਈ-ਕਾਰਡ ਹੋਣਾ ਜਰੂਰੀ ਹੈ। ਭਾਗ ਲੈਣ ਵਾਲੇ ਡਰਾਇਵਰਾ ਦੇ ਨਾਮ ਅੱਜ ਹੀ ਉਕਤ ਮੇਲ ਆਈ.ਡੀ ਜਾ ਵੱਟਸਐਪ ਗਰੁੱਪ ਰਾਹੀ ਭੇਜ ਕੇ ਸੂਚਿਤ ਕੀਤਾ ਜਾਵੇ।

ਉਪ ਕਪਤਾਨ ਪੁਲਿਸ
ਰਾਮਪੁਰਾ ਫੂਲ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ
ਪੱਤਰ ਨੰ: ਸੀ/1/2022/1957 ਮਿਤੀ: 8/12/2022

ਉਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੱਤਰ ਵਿੱਚ ਦਰਜ ਹਦਾਇਤਾਂ ਅਨੁਸਾਰ ਸੈਮੀਨਾਰ/ਸਮਾਰੋਹ ਕਰਵਾਏ ਜਾਣ ਅਤੇ ਇਨ੍ਹਾਂ ਸੈਮੀਨਾਰਾਂ ਨੂੰ ਅਟੈਂਡ ਕਰਨ ਲਈ ਆਪਣੇ-2 ਸਕੂਲ ਦੇ ਡਰਾਈਵਰਾਂ ਦੇ ਨਾਮ ਦਿੱਤੀ ਗਈ ਜਾਣਕਾਰੀ ਤੇ ਸਿੱਧੇ ਦਫਤਰ ਭੇਜਣੇ ਯਕੀਨੀ ਬਣਾਏ ਜਾਣ।

ਸਹੀ/
ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਬਠਿੰਡਾ ਸਾਹਿਬ